# ਮੁਫ਼ਤ ਪੈਸੇ

## ਨਾਲ ਆਪਣੇ ਬੱਚੇ ਦੀਆਂ ਸਿੱਖਿਆ ਬੱਚਤਾਂ ਸ਼ੁਰੂ ਕਰੋ

## ਮੁਫ਼ਤ ਪੈਸਾ ਕੀ ਹੈ?

### ਇਹ ਕੈਨੇਡਾ ਲਰਨਿੰਗ ਬੌਂਡ ਹੈ, ਜੋ ਕਿ ਹੁਣ SmartSAVER.org ਰਾਹੀਂ ਉਪਲਬਧ ਹੈ।

ਇਹ ਬੱਚੇ ਦੀ ਰਜਿਸਟਰਡ ਸਿੱਖਿਆ ਬੱਚਤਾਂ ਸਬੰਧੀ ਪਲਾਨ ਲਈ ਕੈਨੇਡਾ ਸਰਕਾਰ ਦਾ ਯੋਗਦਾਨ ਹੈ। ਇਹ ਯੋਗ ਬੱਚਿਆਂ ਦੀ ਸੈਕੰਡਰੀ ਤੋਂ ਬਾਅਦ ਦੀ ਪੜ੍ਹਾਈ ਲਈ **$2,000** ਤੱਕ ਦੀਆਂ ਬੱਚਤਾਂ ਉਪਲਬਧ ਕਰਦਾ ਹੈ।

## ਇਸਨੂੰ ਕੌਣ ਪ੍ਰਾਪਤ ਕਰ ਸਕਦਾ ਹੈ?

ਤੁਸੀਂ ਯੋਗ ਹੋ, ਜੇ: ਤੁਹਾਡਾ ਬੱਚਾ 2004 ਜਾਂ ਬਾਅਦ ਵਿਚ ਪੈਦਾ ਹੋਇਆ ਹੈ ਅਤੇ ਤੁਸੀਂ ਕਦੀ ਕੈਨੇਡਾ ਬਾਲ ਟੈਕਸ ਲਾਭ, ਜਿਸ ਨੂੰ "ਪਰਿਵਾਰਕ ਭੱਤੇ" ਵਜੋਂ ਜਾਣਿਆ ਜਾਂਦਾ ਹੈ, ਦੇ ਰਾਸ਼ਟਰੀ ਬਾਲ ਲਾਭ ਸਪਲੀਮੈਂਟ ਲਈ ਯੋਗ ਰਹੇ ਹੋ।

ਸਾਰੇ ਯੋਗ ਬੱਚਿਆਂ ਨੂੰ ਘੱਟੋ-ਘੱਟ **$500** ਮਿਲਣਗੇ ਅਤੇ ਹਰ ਸਾਲ ਲਈ **$100** ਹੋਰ ਮਿਲਣਗੇ, ਜਿਸ ਲਈ ਉਹ 15 ਸਾਲ ਦੀ ਉਮਰ ਤੱਕ ਜਾਂ ਵੱਧ ਤੋਂ ਵੱਧ **$2,000** ਲਈ ਯੋਗ ਹੈ।

## ਮੈਂ ਕੈਨੇਡਾ ਲਰਨਿੰਗ ਬੌਂਡ ਕਿਵੇਂ ਹਾਸਿਲ ਕਰ ਸਕਦਾ/ਸਕਦੀ ਹਾਂ?

- ਕੈਨੇਡਾ ਲਰਨਿੰਗ ਬੌਂਡ ਲਈ ਅਪਲਾਈ ਕਰਨ ਵਚਿ SmartSAVER ਤੁਹਾਡੀ ਮਦਦ ਕਰ ਸਕਦਾ ਹੈ ਅਤੇ ਤੁਸੀਂ SmartSAVER.org ਤੇ Start My RESP ਔਨਲਾਈਨ ਟੂਲ ਦੀ ਵਰਤੋਂ ਕਰਦਿਆਂ $0 ਨਾਲ RESP ਸ਼ੁਰੂ ਕਰੋ
- ਆਪਣੀ ਅਰਜ਼ੀ ਮੁਕੰਮਲ ਕਰਨ ਲਈ, ਤੁਹਾਨੂੰ ਆਪਣੇ ਲਈ ਅਤੇ ਆਪਣੇ ਬੱਚੇ ਲਈ ਸੋਸ਼ਲ ਇੰਸ਼ਿਓਰੈਂਸ ਨੰਬਰ ਦੀ ਲੋੜ ਪਏਗੀ
- ਇਸ ਲਈ ਕੋਈ ਲਾਗਤ ਨਹੀਂ ਲੱਗਦੀ ਅਤੇ ਕੈਨੇਡਾ ਲਰਨਿੰਗ ਬੌਂਡ ਪ੍ਰਾਪਤ ਕਰਨ ਲਈ ਤੁਹਾਨੂੰ ਪੈਸੇ ਦਾ ਕੋਈ ਯੋਗਦਾਨ ਕਰਨ ਦੀ ਲੋੜ ਨਹੀਂ ਹੈ

### ਉਡੀਕ ਨਾ ਕਰੋ! **SmartSAVER.org** ਤੇ ਅੱਜ ਹੀ ਸ਼ੁਰੂ ਕਰੋ।



**1.** ਲਗਭਗ 10 ਮਿੰਟਾਂ ਵਿਚ SmartSAVER ਅਰਜ਼ੀ ਮੁਕੰਮਲ ਕਰੋ।



**2.** SmartSAVER ਤੁਹਾਡੇ ਵਲੋਂ ਚੁਣੀ ਗਈ ਮਾਲੀ ਸੰਸਥਾ ਨੂੰ ਤੁਹਾਡੀ ਜਾਣਕਾਰੀ ਭੇਜੇਗਾ।



**3.** ਤੁਹਾਡੀ ਮਾਲੀ ਸੰਸਥਾ ਤੁਹਾਡੇ ਨਾਲ ਮਿਲਣ ਲਈ ਸੰਪਰਕ ਕਰੇਗੀ।



**4.** ਜਦੋਂ ਤੁਸੀਂ ਮਿਲਦੇ ਹੋ, ਤਾਂ ਤੁਹਾਨੂੰ ਆਪਣਾ ਪਛਾਣ-ਪੱਤਰ ਵਿਖਾਉਣਾ ਪਏਗਾ ਅਤੇ ਆਪਣੀ ਅਰਜ਼ੀ ਤੇ ਦਸਤਖ਼ਤ ਕਰਨੇ ਪੈਣਗੇ।



**5.** ਤੁਹਾਡੀ ਮਾਲੀ ਸੰਸਥਾ ਤੁਹਾਡੀ ਭਰੀ ਹੋਈ ਅਰਜ਼ੀ ਸਰਕਾਰ ਨੂੰ ਭੇਜੇਗੀ। ਜੇ ਕਨਾਡਾ ਲਰਨਿੰਗ ਬੌਂਡ ਲਈ ਤੁਹਾਡੀ ਅਰਜ਼ੀ ਪ੍ਰਵਾਣ ਹੋ ਜਾਂਦੀ ਹੈ, ਤਾਂ ਪੈਸਾ RESP ਵਿਚ ਜਮ੍ਹਾ ਕਰਾਇਆ ਜਾਏਗਾ।

## ਲਾਭ ਕੀ ਹੈ?

ਕੈਨੇਡਾ ਲਰਨਿੰਗ ਬੌਂਡ ਨੂੰ ਹਾਈ ਸਕੂਲ ਤੋਂ ਬਾਅਦ ਜਾਂ ਜ਼ਿੰਦਗੀ ਵਿਚ ਬਾਅਦ ਵਿਚ ਸਿਰਫ਼ ਪੜ੍ਹਾਈ ਲਈ ਵਰਤਿਆ ਜਾ ਸਕਦਾ ਹੈ। ਇਸ ਵਿਚ ਕੈਨੇਡਾ ਵਿਚਲੇ ਕਾਲਿਜ, ਯੂਨੀਵਰਸਿਟੀ ਜਾਂ ਹੋਰ ਯੋਗਤਾਪ੍ਰਾਪਤ ਸਕੂਲਾਂ ਜਾਂ ਦੇਸ਼ ਤੋਂ ਬਾਹਰ ਅੰਸ਼-ਕਾਲੀ ਜਾਂ ਕੁਲ-ਵਕਤੀ ਅਧਿਅਨ ਸ਼ਾਮਿਲ ਹਨ। ਤੁਹਾਡਾ ਬੱਚਾ ਇਸ ਪੈਸੇ ਨੂੰ 36 ਸਾਲ ਤੱਕ ਇਸਤੇਮਾਲ ਕਰ ਸਕਦਾ ਹੈ।

***ਕੈਨੇਡਾ ਲਰਨਿੰਗ ਬੌਂਡ ਨਾਲ ਬੱਚਤ ਕਰਨਾ ਬਹੁਤ ਹੀ ਅਸਾਨ ਹੈ।***

SmartSAVER®

***ਇਹ ਕਦੀ ਵੀ ਇੰਨਾ ਅਸਾਨ ਨਹੀਂ ਸੀ।***